# ਸ਼ਾਹਜਹਾਂ ਅਜੇ ਮਰਿਆ ਨਹੀਂ ਹੁਣ ਵੀ ਸਹਿਕਦਾ ਹੈ

ਭਾਰਤੀ ਇਤਿਹਾਸ ਵਿਚ ਸ਼ਾਹਜਹਾਂ ਨੂੰ ਇਕ ਕਲਾ ਪ੍ਰੇਮੀ ਬਾਦਸ਼ਾਹ ਕਿਹਾ ਜਾਂਦਾ ਹੈ ਜਿਸਨੇ ਆਪਣੀ ਮਹਿਬੂਬਾ ਬੇਗ਼ਮ ਦੀ ਯਾਦ ਵਿਚ ਤਾਮੀਰ ਕਰਵਾਇਆ ਸੀ। ਜਿਸਨੂੰ ਤਾਮੀਰ ਕਰਦੇ ਸਮੇਂ ਹਜ਼ਾਰਾਂ ਮਜ਼ਦੂਰਾਂ ਤੇ ਮਜ਼ਦੂਰਨੀਆਂ ਤੋਂ ਵਗਾਰ ਤੇ ਕੰਮ ਕਰਵਾਇਆ ਗਿਆ। ਇਕ ਪਾਸੇ ਉਹਨਾਂ ਮਜ਼ਦੂਰਨੀਆਂ ਦੇ ਨਿੱਕੇ ਬੱਚੇ ਦੁੱਧ ਦੀ ਤਿਪ ਲਈ ਵਿਲਕ ਰਹੇ ਹੁੰਦੇ ਸਨ ਜੇ ਉਹ ਆਪਣੇ ਬੱਚੇ ਵੱਲ ਧਿਆਨ ਦਿੰਦੀਆਂ ਸਨ ਤਾਂ ਸ਼ਾਹਜਹਾਂ ਦੇ ਅਹਿਲਕਾਰ ਉਹਨਾਂ ਦੇ ਛਾਂਟੇ ਮਾਰਦੇ ਸਨ ਕਿ ਕੰਮ ਘੱਟ ਹੋਇਆ ਹੈ। ਕੀ ਕਲਾ ਪ੍ਰੇਮੀ ਅਜਿਹੇ ਹੁੰਦੇ ਹਨ? ਤਾਜ ਮਹਿਲ ਦੀ ਬੁਨਿਆਦ ਤੋਂ ਲੈ ਕੇ ਅਜੂਬਾ ਬਣਨ ਤੱਕ ਕਿਸੇ ਨੇ ਵੀ ਹਜ਼ਾਰਾਂ ਮਜ਼ਦੂਰਾਂ ਮਜ਼ਦੂਰਨੀਆਂ ਦੀ ਆਹਾਂ ਨੂੰ ਹੁਣ ਤੱਕ ਦੇ ਦੇਸੀ, ਵਿਦੇਸ਼ੀ ਹੁਕਮਰਾਨਾਂ ਨੇ ਮਹਿਸੂਸ ਨਹੀਂ ਕੀਤਾ। ਉਹਨਾਂ ਲਈ ਮਜ਼ਦੂਰ ਕਿਸਾਨ ਤਾਂ ਮਜ਼ਦੂਰੀ ਜਾਂ ਕਿਸਾਨੀ ਕਰਨ ਲਈ ਪੈਦਾ ਹੋਏ ਹਨ। ਜਾਂ ਉਹਨਾਂ ਦੀਆਂ ਵੋਟਾਂ ਹਨ। ਚਾਹੇ ਉਹ ਖੁਦਕਸ਼ੀਆਂ ਕਰਕੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਨ ਤੇ ਭਾਵੇਂ ਭਾਜਪਾ ਦੇ ਆਗੂ ਭਗਵਤ ਕੋਲ (3680000000000) ਡਾਲਰ ਸਵਿਸ ਬੈਂਕ 'ਚ ਜਮ੍ਹਾਂ ਹੋਣ ਉਸਦੀ ਸੁਰਖੀ ਵੀ ਵਿਦੇਸ਼ੀ ਤੇ ਦੇਸੀ ਅਖ਼ਬਾਰਾਂ ਵਿਚ ਛਪਦੀ ਹੈ। ਹੁਕਮਰਾਨਾਂ ਦੀਆਂ ਬੱਸਾਂ ਵਿਚ ਆਈ.ਏ.ਐਸ. ਦੇ ਪਿਤਾ ਨੂੰ ਦਰੜ ਕੇ ਲੰਘ ਜਾਵੇ ਜਾਂ ਸਧਾਰਨ ਮਨੁੱਖ ਨੂੰ ਜਾਂ ਬੱਚੇ ਨੂੰ, ਲੁੱਟ ਖੋਹ ਗੁੰਡਾਗਰਦੀ ਦੇਖ ਕੇ ਇੰਜ ਲੱਗਦਾ ਹੈ ਕਿ ਅਜੋਕੇ ਸ਼ਾਹਜਹਾਂ ਦੀ ਮਾਨਸਿਕਤਾ ਨੇ ਸਫੈਦ ਦਾਹੜੇ ਰੱਖ ਕੇ ਦਸਤਾਰ ਤੇ ਸ੍ਰੀ ਸਾਹਿਬ ਧਾਰਨ ਕਰਨ ਵਾਲੇ ਸ਼ਾਸ਼ਕਾਂ ਨੇ ਧਾਰਨ ਕਰ ਲਈ ਹੋਵੇ। ਇਹ ਅਜੋਕੇ ਸਮੇਂ ਦਾ ਸੱਚ ਹੈ। ਜੇ ਇੱਕ ਆਗੂ ਕੋਲ ਸਵਿੱਸ ਬੈਂਕ 'ਚ 368 ਨੂੰ ਸੋਲਾਂ ਸਿਫ਼ਰਾਂ ਲਾ ਕੇ ਪੜ੍ਹਨ ਲਈ ਮੁਸ਼ਕਲ ਆ ਰਹੀ ਹੈ ਤਾਂ ਅੰਦਾਜ਼ਾ ਲਗਾਓ ਕਿ ਟਾਟਾ, ਥਾਪਰ, ਬਿਰਲਾ, ਸਿੰਘਾਨੀਆਂ ਤੇ ਹੋਰਨਾਂ ਦੇ ਕਿੰਨੇ ਰੁਪਏ ਜਮ੍ਹਾਂ ਹੋਣਗੇ ਜਿਨ੍ਹਾਂ ਬਾਰੇ ਅਜੋਕਾ ਪ੍ਰਧਾਨ ਮੰਤਰ ਵਿਦੇਸ਼ੀ ਖਾਤਿਆਂ ਨੂੰ ਬੇਪਰਦ ਕਰਨ ਦੀ ਬਾਤ ਕਰ ਰਿਹਾ ਸੀ। ਹੁਣ 'ਮਨ ਕੀ ਬਾਤ' 'ਚੋਂ ਇਹ ਰਕਮਾਂ ਮਨਫ਼ੀ ਹਨ। ਹਰ ਕੋਈ ਨੇਤਾ ਅਬਦੁਲ ਕਲਾਮ ਨਹੀਂ ਬਣ ਸਕਦਾ। ਸ਼ਾਸਤਰੀ ਨਹੀਂ ਬਣ ਸਕਦਾ। ਕੇਂਦਰੀ ਜੇਲ ਲਾਹੌਰ ਦੀ ਕੇਂਦਰੀ ਜੇਲ ਜਿੱਥੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦਿੱਤੀ ਗਈ ਸੀ ਉਹ ਇਕ ਚੌਂਕ ਬਣ ਕੇ ਰਹਿ ਗਿਆ ਹੈ ਜਿਥੇ ਨਹਿਰੂ, ਗਾਂਧੀਆਂ ਜਾਂ ਜਿਨਾਹ ਨੂੰ ਦਫਨਾਇਆ ਹੈ ਉਹ ਕਈ ਏਕੜਾਂ ਦੇ ਫਾਰਮਾਂ ਵਿਚ ਹਨ। ਜਿਨ੍ਹਾਂ 'ਚ ਫੁੱਲ ਹਨ ਜੋ ਵਿਦੇਸ਼ੀ ਦੂਤਾਂ ਨੂੰ ਦਿਖਾਏ ਜਾਂਦੇ ਹਨ। ਕੀ ਕਿਸੇ ਨੇ ਉਹਨਾਂ ਕਿਰਤੀ ਹੱਥਾਂ ਨੂੰ ਅਜਿਹੇ ਕਾਮਿਆ ਨਾਲ ਮਿਲਾਇਆ? ਮੈਨੂੰ ਏਥੇ ਗੁਰਸ਼ਰਨ ਸਿੰਘ ਭਾਅ ਜੀ ਦੇ ਸ਼ਬਦ ਯਾਦ ਆ ਰਹੇ ਹਨ ਕਿ ਨਹਿਰੂ ਨੇ ਕਿਹਾ ਸੀ ਕਿ ਭਾਖੜਾ ਡੈਮ ਵੀਹਵੀਂ ਸਦੀ ਦਾ ਮੰਦਰ ਹੈ। ਪਰ ਇਸ ਮੰਦਰ ਵਿਚੋਂ ਮਜ਼ਦੂਰਾਂ ਨੂੰ ਇੰਜ ਬਾਹਰ ਕਰ ਦਿੱਤਾ ਗਿਆ (ਜਿਨ੍ਹਾਂ ਨੇ ਭਾਖੜਾ ਡੈਮ ਦੀ ਸਿਰਜਣਾ ਪੱਥਰ ਚੁੱਕ ਚੁੱਕ ਕੇ ਕਿਰਤੀ ਹੱਥਾਂ ਨਾਲ ਕੀਤੀ ਸੀ)। ਉਹ ਅਫ਼ਸਰਾਂ ਨੇ ਨਹਿਰੂ ਦੀ ਆਮਦ ਤੇ ਕੀਤੇ ਜਾ ਰਹੇ ਸਮਾਗਮ ਵਿਚ ਆਉਣ ਤੋਂ ਮਨ੍ਹਾਂ ਕਰ ਦਿੱਤਾ ਸੀ। ਕਿਉਂਕਿ ਗੁਰਸ਼ਰਨ ਸਿੰਘ ਭਾਅ ਜੀ ਉਸ ਡੈਮ ਤੇ ਉੱਚ ਅਫ਼ਸਰ ਸਨ ਉਹਨਾਂ ਦੇ ਮਨ ਨੇ ਮਜ਼ਦੂਰਾਂ ਦੀ ਵੇਦਨਾਂ ਨੂੰ ਮਹਿਸੂਸ ਕਰਕੇ ਕਿਹਾ ਸੀ "ਐ ਮੇਰੇ ਕਿਰਤੀ ਲੋਗੋ ਮੈਂ ਤੁਹਾਡੇ ਨਾਲ ਹਾਂ ਮੈਂ ਵੀ ਇਸ ਸਮਾਗਮ ਵਿਚ ਨਹੀਂ ਜਾਵਾਂਗਾ ਤੇ ਕੱਲ੍ਹ ਨੂੰ ਮੈਂ ਤੁਹਾਡੇ ਮਜ਼ਦੂਰਾਂ ਲਈ ਮਨੋਰੰਜਨ ਲਈ ਸਮਾਗਮ ਕਰਵਾਵਾਂਗਾ। ਉਹਨਾਂ ਅਨੁਸਾਰ ਉਸ ਨੇ ਤੇ ਉਸਦੇ ਹਮਖਿਆਲ ਸਾਥੀਆਂ ਬਲਰਾਜ ਸਾਹਨੀ ਵਰਗਿਆਂ ਨੇ ਗੁਰਬਖ਼ਸ਼ ਪ੍ਰੀਤਲੜੀ ਵਰਗਿਆਂ ਨੇ ਸ਼ਿਰਕਤ ਕੀਤੀ। ਨਾਟਕ ਖੇਡੇ ਗਏ ਮਜ਼ਦੂਰਾਂ ਦੀ ਸਥਿਤੀ ਤੇ ਸਰਕਾਰਾਂ ਦੀ ਬੇਰੁਖ਼ੀ ਤੇ ਗੀਤ ਗਾਏ ਗਏ। ਦੱਸਦੇ ਸਨ ਕਿ ਉਹਨਾਂ ਦੇ ਸਮਾਗਮ ਵਿਚ ਨਹਿਰੂ ਦੇ ਸਮਾਗਮ ਦੇ ਇਕੱਠ ਨਾਲੋਂ ਦੁੱਗਣਾ ਇਕੱਠ ਸੀ ਜੋ ਕਿ ਕਿਰਤੀਆਂ ਦਾ ਸੀ।

ਗੋਰਿਆਂ ਦੀ ਥਾਂ ਕਾਲੇ ਅੰਗਰੇਜ਼ਾਂ ਦੇ ਦੇਸ਼ ਵਿਚ ਵੀ ਕਿਸਾਨ ਮਜ਼ਦੂਰਾਂ ਤੇ ਕਿਸਾਨਾਂ ਦੇ ਘਰ ਵੋਟਾਂ ਹੀ ਜੰਮਦੀਆਂ ਹਨ ਤੇ ਵੋਟਾਂ ਹੀ ਮਰਦੀਆਂ ਹਨ। ਮੁਗ਼ਲ ਬਾਦਸ਼ਾਹ ਸ਼ਾਹਜਹਾਂ ਵਰਗੇ ਸ਼ੋਸ਼ਣ ਕਰਨ ਵਾਲੇ ਕਲਾ ਪ੍ਰੇਮੀ ਨੂੰ ਉਸ ਦੀ ਕਲਾ ਵਿਰੋਧੀ ਬਿਰਤੀ ਕਾਰਨ ਕੈਦ ਕੀਤਾ ਤੇ ਆਪਣੇ ਭਰਾਵਾਂ ਦੇ ਸਿਰ ਕਲਮ ਕਰਕੇ ਜੇਲਖਾਨੇ ਭੇਜੇ। ਉਸੇ ਤਰ੍ਹਾਂ ਅਜੋਕੇ ਸਮੇਂ ਵਿਚ ਵਰਤਮਾਨ ਹਾਕਮ ਆਪਣੇ ਪੁੱਤਰਾਂ ਦੇ ਸਿਰ ਤੇ ਤਾਜ ਦੇਖਣ ਲਈ ਲੋਕਾਂ ਦੇ ਪੁੱਤਰਾਂ ਦੇ ਸਿਰ ਕਲਮ ਕਰ ਰਹੇ ਹਨ। ਉਹ ਜ਼ਹਿਰਾਂ ਖਾ ਰਹੇ ਹਨ-ਖੁਦਕਸ਼ੀਆਂ ਕਰ ਰਹੇ ਹਨ, ਟੈਂਕੀਆਂ ਤੇ ਚੜ੍ਹ ਰਹੇ ਹਨ। ਜੇ ਇਨ੍ਹਾਂ ਦੇ ਸਰਕਾਰੀ ਅੰਕੜੇ ਪੜ੍ਹੀਏ ਤਾਂ ਪੰਜਾਬ ਦੀ ਪੌਣੇ ਤਿੰਨ ਕਰੋੜ ਆਬਾਦੀ 'ਚੋਂ ਢਾਈ ਪ੍ਰਤੀਸ਼ਤ ਪੜ੍ਹੇ-ਲਿਖੇ ਤਾਲੀਮ ਯਾਫਤਾ ਲੋਕ ਹਨ ਜਿਨ੍ਹਾਂ 'ਚ ਬੀ.ਏ.ਬੀ.ਐਡ., ਪਲੱਸ ਟੂ, ਬੀ.ਐਸ.ਸੀ., ਐਮ.ਐਸ.ਸੀ. ਲੋਕ ਹਨ ਜੋ ਇਹ ਹੁਣ ਤੱਕ ਇਹਨਾਂ ਲੋਕਾਂ ਨੂੰ ਰੁਜ਼ਗਾਰ ਨਹੀਂ ਦੇ ਸਕੇ ਤਾਂ ਫਰਜ਼ ਕਰੋ ਜੇ ਸਮੁੱਚਾ ਪੰਜਾਬ ਹੀ ਸੌ ਪ੍ਰਤੀਸ਼ਤ ਅਬਾਦੀ ਹੀ ਉੱਚ ਤਾਲੀਮ ਯਾਫਤਾ ਹੁੰਦੀ ਤਾਂ ਕੀ ਹੁੰਦਾ? ਫਿਰ ਸ਼ਾਹਜਹਾਂ ਦੇ ਪੁੱਤਰਾਂ ਦੇ ਸਿਰ ਕਲਮ ਕਰਨ ਵਾਂਗ ਇਹਨਾਂ ਦੇ ਸਿਰ ਕਲਮ ਹੋ ਜਾਣੇ ਸਨ। ਉਨ੍ਹਾਂ ਨੂੰ ਰੁਜ਼ਗਾਰ ਲਈ ਡਾਂਗਾਂ ਦੀ ਅੱਗ ਨਹੀਂ ਸੀ ਸੇਕਣੀ ਪੈਣੀ। ਅਨਪੜ੍ਹ ਮਜ਼ਦੂਰਾਂ ਤੇ ਕਿਸਾਨਾਂ ਦੇ ਬੱਚਿਆਂ ਨੂੰ ਚਿੱਟੇ ਨਸ਼ੇ ਦੇ ਆਦੀ ਹੋ ਕੇ ਜਾਂ ਇਸਦੀ ਭਲ ਪੂਰੀ ਕਰਨ ਲਈ ਪਰਸ ਜਾਂ ਚੈਨੀ ਸਨੈਚਰ ਜਾਂ ਹਜ਼ਾਰ ਦੋ ਹਜ਼ਾਰ ਖੋਹਣ ਵਾਲੇ ਲੁਟੇਰ ਨਹੀਂ ਬਣਨਾ ਪੈਣਾ ਸੀ। ਵੱਡੇ ਲੁਟੇਰੇ ਏ.ਟੀ.ਐਮ. ਪੁੱਟ ਕੇ ਲੈ ਗਏ ਜੋ ਅਜੇ ਤੱਕ ਵੀ ਬਰਾਮਦ ਨਹੀਂ ਹੋਇਆ।

ਕਿਸੇ ਸੂਬੇ ਦੀ ਤਰੱਕੀ ਦਾ ਰਾਜ ਉਥੋਂ ਦੇ ਪੜ੍ਹੇ-ਲਿਖੇ ਸਾਖਰ ਲੋਕਾਂ ਤੋਂ ਹੁੰਦਾ ਹੈ। ਨਸ਼ਾ ਰਹਿਤ ਲੋਕਾਂ ਤੋਂ ਹੁੰਦਾ ਹੈ। ਜੇ ਇੰਜ ਹੀ ਲੋਕ ਦਸਤਖਤ ਕਰਨ ਜੋਗੇ ਹੀ ਬਣਾਉਣੇ ਸਨ ਤਾਂ 1994-95 ਦੀ ਸਾਖਰਤਾ ਲਹਿਰ ਵਰਗਾ ਪਖੰਡ ਕਰਨ ਦੀ ਕੀ ਲੋੜ ਸੀ? ਹਵਾਈ ਅੱਡੇ, ਛੇ ਮਾਰਗੀ ਸੜਕਾਂ ਉਹਨਾਂ ਦੀਆਂ ਨਿੱਜੀ ਬੱਸਾਂ ਕੋਈ ਤਰੱਕੀ ਦੀ ਨਿਸ਼ਾਨੀ ਨਹੀਂ। ਤੁਸੀਂ ਖੁਦ ਦੱਸੋ ਕੀ ਨਰੇਗਾ ਬੱਸ 'ਚ ਸਫਰ ਕਰਨ ਵਾਲਾ ਹਵਾਈ ਜਹਾਜ਼ ਦਾ ਸਫ਼ਰ ਕਰ ਸਕੇਗਾ? ਉਹ ਸਰਕਾਰੀ ਮੰਤਰੀਆਂ ਦੀਆਂ ਮਰਸਡੀਜ਼ ਤੇ ਤਿਗਣੇ ਕਿਰਾਏ ਵਾਲੀਆਂ ਬੱਸਾਂ 'ਚ ਸਫ਼ਰ ਕਰ ਸਕੇਗਾ ਜੋ ਆਮ ਬੰਦੇ ਦੀ ਜ਼ਿੰਦਗੀ ਦਾ ਖੌ ਬਣ ਰਹੀਆਂ ਹਨ। ਇਹ ਸਰਕਾਰੀ ਬੱਸਾਂ ਤੇ ਇਸ਼ਤਿਹਾਰ ਲਗਾ ਕੇ ਕਰੋੜਾਂ ਰੁਪਏ ਬਰਬਾਦ ਕਰ ਰਹੇ ਹਨ। ਕੀ ਉਹ ਪੈਸਾ ਬੇਰੁਜ਼ਗਾਰਾਂ, ਅੰਗਹੀਣਾਂ ਨੂੰ ਨਹੀਂ ਦਿੱਤਾ ਜਾ ਸਕਦਾ? ਸਰਕਾਰੀ ਬੱਸਾਂ ਦੀ ਥਾਂ ਤੇ ਰਾਜ ਨਹੀਂ ਸੇਵਾ ਵਾਲੇ ਨੇ ਕੀ ਕੋਈ ਇਸ਼ਤਿਹਾਰ ਆਪਣੀ ਬੱਸ ਤੇ ਲਗਾਇਆ? ਇਹ ਸੋਚ ਕੇ ਕਿਤੇ ਇਹਨਾਂ ਦੀ ਦਿੱਖ ਖਰਾਬ ਨਾ ਹੋ ਜਾਵੇ। ਇਸੇ ਤਰ੍ਹਾਂ ਮੁੱਖ ਮੰਤਰੀ ਸਰਕਾਰੀ ਬੱਸਾਂ ਵਰਤ ਕੇ ਤੀਰਥ ਅਸਥਾਨਾਂ ਦਾ ਪੁੰਨ ਖੱਟ ਰਹੇ ਹਨ। ਕੀ ਇਹਨਾਂ ਨੇ ਕਦੇ ਆਪਣੀ ਏ.ਸੀ. ਬੱਸ ਤੀਰਥ ਯਾਤਰਾ ਤੇ ਭੇਜ ਕੇ ਪੁੰਨ ਖੱਟਿਆ ਹੈ। ਸਕੂਲ ਕਾਲਜ ਖਾਲੀ ਪਏ ਹਨ ਕੋਈ ਅਧਿਆਪਕ ਨਹੀਂ ਜਦਕਿ ਸਮਸ਼ਾਨਘਾਟਾਂ ਤੇ ਧਰਮਸ਼ਾਲਾਵਾਂ ਲਈ ਦਾਨ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਦਾ ਲਖਤੇ ਜਿਗਰ ਸਨਾਵਰ ਸਕੂਲ ਨੂੰ ਇਕ ਕਰੋੜ ਦੇ ਆਇਆ ਕੀ ਪੰਜਾਬ ਦੇ ਕਿਸੇ ਸਕੂਲ ਨੂੰ ਐਨੀ ਗ੍ਰਾਂਟ ਦਿੱਤੀ ਹੈ? ਪੜ੍ਹੇ-ਲਿਖੇ ਟੈਂਕੀਆਂ ਤੇ ਚੜ੍ਹ ਕੇ ਆਤਮਦਾਹ ਕਰ ਰਹੇ ਹਨ। ਚਿੱਟੇ ਮੱਛਰ ਦੀ ਜਾਹਲੀ ਦਵਾਈ ਤੇ ਬੀਜਾਂ ਕਾਰਨ ਕਿਸਾਨ ਮਜ਼ਦੂਰ, ਅੰਗਹੀਣ ਗੁਜ਼ਾਰੇ ਲਈ ਧਰਨੇ ਦੇ ਰਹੇ ਹਨ ਤੇ ਅਜੋਕਾ ਸ਼ਾਹਜਹਾਂ ਬਿਰਧ ਉਮਰੇ ਮਾਇਆ ਨੂੰ ਜੱਫੇ ਮਾਰ ਰਿਹਾ ਹੈ। ਜਿਵੇਂ ਬੇਗਮ ਮੁਮਤਾਜ ਇਸ ਜਹਾਨ 'ਚੋਂ ਖਾਲੀ ਹੱਥ ਗਈ ਸੀ। ਇਸੇ ਤਰ੍ਹਾਂ ਅਜੋਕੇ ਬਿਰਧ ਮੰਤਰੀ ਦੀ ਪਤਨੀ ਵੀ ਮੁਮਤਾਜ ਵਾਂਗ ਖਾਲੀ ਹੱਥ ਗਈ ਹੈ ਪਰ ਇਸਨੇ ਫੇਰ ਵੀ ਕੋਈ ਸਬਕ ਨਹੀਂ ਸਿੱਖਿਆ। ਏਹਦੀ ਯਾਦ 'ਚ ਕਿਸੇ ਨੇ ਗੁਰਦੁਆਰਾ ਵੀ ਨਹੀਂ ਬਣਾਉਣਾ ਭਾਵੇਂ ਇਹਦੇ ਅਹਿਲਕਾਰ ਸ਼੍ਰੋਮਣੀ ਕਮੇਟੀ ਰਾਹੀਂ ਬਹੁਤ ਸਾਰੇ ਗੁਰਦੁਆਰੇ ਆਪਣੀ ਮੁੱਠੀ 'ਚ ਕਰੀ ਬੈਠੇ ਹਨ ਜਿਵੇਂ ਮੁਗ਼ਲ ਸਾਮਰਾਜ ਦੇ ਬਾਦਸ਼ਾਹ ਮਸਜਿਦਾਂ ਨੂੰ ਕਰੀ ਬੈਠੇ ਸਨ। ਇਸੇ ਲਈ ਤਾਂ ਮਹਿਸੂਸ ਹੋ ਰਿਹਾ ਹੈ ਕਿ ਸ਼ਾਹਜਹਾਂ ਅਜੇ ਮਰਿਆ ਨਹੀਂ ਉਸਦੀ ਜਹਿਨੀਅਤ ਅਜੇ ਵੀ ਜ਼ਿੰਦਾ ਹੈ।

ਜਿਵੇਂ ਤਾਜ ਮਹਿਲ ਬਣਾਉਣ ਵਾਲੇ ਮਜ਼ਦੂਰਾਂ ਤੇ ਮਜ਼ਦੂਰਨੀਆਂ ਵਾਂਗ ਚਾਰ ਜਾਂ ਛੇ ਮਾਰਗੀ ਸੜਕਾਂ ਤੇ ਪੁਲ ਬਣਾਉਂਦੇ ਰਾਜਸਥਾਨ ਦੇ ਮਜ਼ਦੂਰਾਂ ਤੇ ਮਜ਼ਦੂਰਨੀਆਂ ਦੇ ਕਿਰਤੀ ਹੱਥ ਸੜਕ ਦੇ ਵੱਟਿਆ ਨੂੰ ਬੌਕਰ ਮਾਰ ਕੇ ਸਾਫ਼ ਕਰਦੀਆਂ ਹਨ ਮਜ਼ਦੂਰ ਤੱਤੀ ਲੁੱਕ ਪਾਉਂਦੇ ਹਨ। ਉਹਨਾਂ ਦੇ ਬੱਚੇ ਵੀ ਸੜਕ ਕਿਨਾਰੇ ਖਤਾਨਾਂ ਵਿਚ ਦਰੱਖ਼ਤਾਂ ਦੀਆਂ ਟਾਹਣੀਆਂ ਨਾਲ ਬੰਨੇ ਕੱਪੜਿਆਂ 'ਚ ਦੇਖ ਸਕਦੇ ਹਾਂ ਕਿਉਂਕਿ ਇਹਨਾਂ ਉੱਪਰ ਵੀ ਸਰਕਾਰ ਦਾ ਅਹਿਲਕਾਰ ਸ਼ਹਿਨਸ਼ਾਹ ਦੇ ਅਹਿਲਕਾਰ ਵਾਂਗ ਖੜ੍ਹਾ ਹੁੰਦਾ ਹੈ ਜੋ ਚਾਬੁਕ ਤਾਂ ਨਹੀਂ ਮਾਰ ਸਕਦਾ ਪਰ ਜ਼ੁਬਾਨ 'ਚੋਂ ਗੰਦੇ-ਗੰਦੇ ਸ਼ਬਦਾਂ ਦੀ ਚਾਬੁਕ ਜ਼ਰੂਰ ਮਾਰਦਾ ਹੈ ਤੇ ਉਹ ਉਹਨਾਂ ਦੀ ਨਿਗੂਣੀ ਮਜ਼ਦੂਰੀ ਵਿਚੋਂ ਵੀ ਪੈਸੇ ਆਪਣੀ ਜੇਬ 'ਚ ਪਾ ਲੈਂਦਾ ਹੈ। ਕੀ ਇਹ ਵਗਾਰ ਨਹੀਂ ਹੈ। ਸੜਕਾਂ ਉੱਪਰ ਪੁਲ ਬਣ ਰਹੇ ਹਨ। ਦੋ-ਤਿੰਨ ਸਾਲ ਲਗਾ ਕੇ ਹਜ਼ਾਰਾਂ ਹੀ ਕਿਰਤੀ ਲੋਕ ਇਸਦੀ ਉਸਾਰੀ ਕਰਦੇ ਹਨ ਪੁਲ ਬਣਨ ਤੇ ਪੋਚਵੀਆਂ ਪੱਗਾਂ ਤੇ ਚੋਪੜੀਆਂ ਦਾਹੜੀਆਂ ਵਾਲੇ ਉਦਘਾਟਨ ਕਰਦੇ ਹਨ। ਕੀ ਉਸ ਸਮੇਂ ਸ਼ਾਹਜਹਾਂ ਦੇ ਤਾਜ ਮਹਿਲ ਵਾਂਗ ਵਗਾਰ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਮਨਫੀ ਹੋਣ ਵੰਗ ਅੱਜ ਇੱਕੀਵੀਂ ਸਦੀ ਵਿਚ ਵੀ ਮਜ਼ਦੂਰ ਮਨਫੀ ਹਨ। ਜਿੰਨਾਂ ਕਿਰਤੀ ਹੱਥਾਂ ਨੇ ਇਹ ਬਣਾਇਆ ਉਸਨੂੰ ਕੋਈ ਯਾਦ ਨਹੀਂ ਕਰਦਾ। ਕੀ ਇਹ ਸ਼ਾਹਜਹਾਂ ਵਾਲੀ ਜ਼ਹਿਨੀਅਤ ਨਹੀਂ ਹੈ? ਪਰ ਕਮੀ ਹੈ ਤਾਂ ਗੁਰਸ਼ਰਨ ਭਾਅ ਜੀ ਵਰਗੇ ਮਜ਼ਦੂਰਾਂ ਪ੍ਰਤੀ ਦਿਲ-ਦਰਿਆ ਤੇ ਉਹਨਾਂ ਪ੍ਰਤੀ ਮੋਹ ਭਰੇ ਜਜ਼ਬਿਆਂ ਵਾਲੇ ਦਿਲ ਦੀ ਹੈ। ਜੋ ਉਹਨਾਂ ਦੇ ਅੰਦਰ ਨਹੀਂ ਹੈ। ਬੇਸ਼ੱਕ ਸ਼ਾਹਜਹਾਂ ਨੇ ਤਾਜ ਮਹਿਲ ਤਿਆਰ ਕਰਨ ਵਾਲੇ ਮਿਸਤਰੀ ਮਜ਼ਦੂਰਾਂ ਦੇ ਹੱਥ ਵੱਢ ਦਿੱਤੇ ਸਨ। ਢਾਕੇ ਦੀ ਮਲਮਲ ਤਿਆਰ ਕਰਨ ਵਾਲੇ ਅੰਗਰੇਜ਼ਾਂ ਨੇ ਵੀ ਅਜਿਹੀ ਜਹਿਨੀਅਤ ਦਾ ਪ੍ਰਗਟਾਵਾ ਕੀਤਾ ਸੀ। ਪਰ ਅਜੋਕੇ ਸ਼ਾਹਜਹਾਂ ਦੇ ਤੁਖਮਾਂ ਨੇ ਤਾਂ ਸਾਡੇ ਦੇਸ਼ ਦੀ ਜੁਆਨੀ ਦਾ ਸਿਰ ਲੱਚਰਤਾ ਅਤੇ ਨਸ਼ਿਆਂ ਦੇ ਖੰਜਰ ਨਾਲ ਜ਼ਿੰਦਗੀ ਵੱਢ ਦਿੱਤੀ ਹੈ। ਮੈਂ ਲਿਖਦਾ ਜਾਵਾਂਗਾ ਤੁਹਾਨੂੰ ਹਰ ਥਾਂ ਤੇ ਸ਼ਾਹਜਹਾਂ ਦੀ ਜ਼ਹਿਨੀਅਤ ਜਿਉਂਦੀ ਮਿਲੇਗੀ। ਕੁਝ ਪਾਠਕ ਖੁਦ ਮਹਿਸੂਸ ਕਰਨ। ਪਰ ਲੇਖ ਖਤਮ ਕਰਨ ਤੋਂ ਪਹਿਲਾਂ ਕੀ ਅਸੀਂ ਵੀ ਦੇਸ਼ਾਂ-ਵਿਦੇਸ਼ਾਂ ਵਿਚ ਮਜ਼ਦੂਰੀ ਕਰਕੇ ਉਹਨਾਂ ਕੋਲੋਂ ਕੋਠੀਆਂ ਦੀ ਉਸਾਰੀ ਕਰਵਾ ਕੇ ਭੁੱਲ ਜਾਂਦੇ ਹਾਂ। ਗ੍ਰਹਿ ਪ੍ਰਵੇਸ਼ ਵੇਲੇ ਉਹ ਮਿਸਤਰੀ ਮਜ਼ਦੂਰ ਇਸ ਨਵੇਂ ਘਰ ਦੇ ਪ੍ਰਵੇਸ਼ ਸਮੇਂ ਮਨਫੀ ਹੁੰਦੇ ਹਨ। ਆਓ ਆਪਣੇ ਅੰਦਰ ਪਨਪ ਰਹੀ ਸ਼ਾਹਜਹਾਂ ਵਾਲੀ ਜਹਿਨੀਅਤ ਦੇ ਨਿੱਕੇ ਜਿਹੇ ਕੀਟਾਣੂੰ ਨੂੰ ਆਪਣੀ ਅਕਲ ਦੀ ਦਵਾਈ ਨਾਲ ਇਲਾਜ ਕਰਕੇ ਫੈਲਣ ਤੋਂ ਰੋਕੀਏ। ਨਹੀਂ ਤਾਂ ਸ਼ਾਹਜਹਾਂ ਦੀ ਉਸਾਰੀ ਤਾਜ ਮਹਿਲ ਦੀ ਇਮਾਰਤ ਵਾਂਗ ਕਿਰਤੀ ਹੱਥਾਂ ਦੀ ਮਹਿਕ ਅਲੋਪ ਰਹੇਗੀ। ਆਪਣੇ ਹੀ ਗਿਰੇਬਾਨ ਮੇਂ ਸਿਰ ਨੀਵਾਂ ਕਰ ਦੇਖ॥ ਦੀ ਸੱਚ ਮੁਤਾਬਕ ਆਪਣੇ ਹੀ ਅੰਦਰ ਝਾਤ ਪਾ ਕੇ ਸ਼ਾਹਜਹਾਂ ਦੀ ਸਹਿਕਦੀ ਜਹਿਨੀਅਤ ਨੂੰ ਇੱਟ ਸਿੱਟ ਕੇ ਨਦੀਨ ਵਾਂਗ ਪਸਰਨ ਤੋਂ ਰੋਕੀਏ ਤੇ ਆਪਣੇ ਦਿਲਾਂ ਵਿਚ ਗੁਰਸ਼ਰਨ ਭਾਅ ਜੀ ਵਰਗਾ ਕਿਰਤੀਆਂ ਪ੍ਰਤੀ ਕੁਝ ਕਰ ਗੁਜ਼ਰਨ ਦਾ ਜਜ਼ਬਾ ਪੈਦਾ ਕਰਕੇ ਅੰਦਰ ਪਨਪ ਰਹੀ ਸ਼ਾਹਜਹਾਂ ਰੁਚੀ ਨੂੰ ਖਤਮ ਕਰੀਏ।

- ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



# ਭਾਰਤ ਯਾਤਰਾ ਦੌਰਾਨ ਪਰਵਾਸੀਆਂ ਨੂੰ ਪੁਰਾਣੀ ਕਰੰਸੀ ਬਦਲਾਉਣ 'ਚ ਆ ਰਹੀਆਂ ਮੁਸ਼ਕਿਲਾਂ ਪ੍ਰਤੀ ਭਾਰਤ ਸਰਕਾਰ ਨੂੰ ਧਿਆਨ ਦੇਣ ਦੀ ਮੰਗ

ਭਾਰਤ ਸਰਕਾਰ ਵੱਲੋਂ ਨੋਟਬੰਦੀ ਤੋ ਬਾਅਦ ਵਿਦੇਸ਼ਾਂ ਵਿੱਚ ਵੱਸੇ ਪ੍ਰਵਾਸੀ ਭਾਰਤੀਆ ਨੂੰ ਰਿਆਇਤ ਦਿੱਤੀ ਹੈ ਕਿ ਉਹ 30 ਜੂਨ 2017 ਤੱਕ ਪੁਰਾਣੀ ਕੰਰਸੀ ਵਾਲੇ 1000 ਤੇ 500 ਦੇ ਨੋਟ ਬਦਲੀ ਕਰਵਾ ਸਕਦੇ ਹਨ, ਪ੍ਰਵਾਸੀ ਜਿਹਨਾਂ ਕੋਲ ਭਾਰਤ ਪ੍ਰਵਾਸ ਦੌਰਾਨ ਆਪਣੇ ਘਰ ਪਹੁੰਚਣ ਲਈ ਜਾਂ ਰਸਤੇ ਦੇ ਖਰਚੇ ਲਈ ਆਮ ਕਰ 15-20 ਹਜ਼ਾਰ ਤੱਕ ਦੀ ਕਰੰਸੀ ਹੋਣਾ ਆਮ ਗੱਲ ਹੈ, ਪਰ ਇਸ ਕਰੰਸੀ ਨੂੰ ਬਦਲਾਉਣ ਦੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ, ਕਿਉਂਕਿ ਇਹ ਕਰੰਸੀ ਸਿਰਫ ਆਰ.ਬੀ.ਆਈ. ਦੀ ਬੈਂਕ ਸਾਖਾ ਦਿੱਲੀ, ਮੁੰਬਈ, ਚੇਨਈ ਜਾਂ ਕਲਕੱਤਾ ਹੀ ਬਦਲਾਈ ਜਾ ਸਕਦੀ ਹੈ ਅਤੇ 2 ਤਰ੍ਹਾਂ ਦੇ ਫਾਰਮ ਭਰਨ ਦੀਆਂ ਫਾਰਮਲਟੀਆ ਵੀ ਆਸਾਨ ਨਹੀਂ ਹਨ, ਜੋ ਕਿ ਪੰਜਾਬ ਜਾਣ ਵਾਲੇ ਪ੍ਰਵਾਸੀਆ ਲਈ ਪਰੇਸ਼ਾਨੀ ਦਾ ਕਾਰਨ ਬਣ ਰਹੀ ਹੈ।

ਕਿਉਂਕਿ ਪਰਿਵਾਰ ਸਮੇਤ ਲੰਬੇ ਸਫਰ ਤੋ0 ਬਾਅਦ ਦਿੱਲੀ ਰੁਕਣਾ ਉਹਨਾਂ ਲਈ ਮੁਸ਼ਕਿਲ ਹੁੰਦਾ ਹੈ ਅਤੇ ਅਗਰ ਉਹ ਆਪਣੇ ਪਿੰਡ ਸ਼ਹਿਰ ਜਾਂ ਵਾਪਸ ਦਿੱਲੀ ਆਉਂਦੇ ਹਨ ਤੇ ਤਿੰਨ ਦਿਨ ਫਿਰ ਖਰਾਬ ਹੁੰਦੇ ਹਨ ਯਾਨੀ ਕਿ 10-15 ਹਜ਼ਾਰ ਦੀ ਰਕਮ ਬਦਲਾਉਣ ਲਈ ਸਮੇਂ ਦੇ ਨਾਲ-ਨਾਲ ਓਨਾ ਹੀ ਖਰਚਾ ਹੁੰਦਾ ਹੈ, ਬਾਕੀ ਕਈ ਪ੍ਰਵਾਸੀ 2-3 ਹਫਤਿਆਂ ਲਈ ਪੰਜਾਬ ਆਉਂਦੇ ਹਨ ਅਤੇ ਇਸ ਸਮੇਂ ਦੌਰਾਨ ਅਗਰ 3 ਦਿਨ 10-15 ਹਜ਼ਾਰ ਬਦਲਾਉਣ ਲਈ ਪਹਿਲਾਂ ਹੀ ਘੱਟ ਸਮੇਂ ਲਈ ਆਪਣੇ ਪਰਿਵਾਰ 'ਚ ਆਏ ਪ੍ਰਵਾਸੀਆਂ ਨੂੰ ਸਮੇਂ ਅਤੇ ਓਨੇ ਹੀ ਪੈਸੇ ਖਰਚਣੇ ਪੈਣ ਤਾਂ ਹਰ ਕੋਈ ਇਸ ਰਿਆਇਤ ਨੂੰ ਗੁੰਝਲਦਾਰ ਪ੍ਰਕਿਰਿਆ ਸਮਝ ਰਿਹਾ ਹੈ।




ਪ੍ਰਵਾਸੀਆ ਦੀ ਭਾਰਤ ਸਰਕਾਰ ਨੂੰ ਪੁਕਾਰ ਹੈ ਕਿ ਪੁਰਾਣੇ ਕਰੰਸੀ ਨੋਟ ਬਦਲਾਉਣ ਦੀ ਪ੍ਰਕਿਰਿਆ ਆਸਾਨ ਕੀਤੀ ਜਾਵੇ ਤਾਂਕਿ ਕੰਮ ਸੇ ਕੰਮ ਜੋ ਲੋਕਲ ਬੈਂਕਾਂ ਹਨ ਪ੍ਰਵਾਸੀਆ ਦਾ ਪਹਿਚਾਣ ਪੱਤਰ ਅਤੇ ਇਹ ਪ੍ਰਮਾਣ ਵੇਖ ਕਿ ਉਹ 8 ਨੰਵਬਰ ਤੋਂ 31 ਦਸੰਬਰ ਦੌਰਾਨ ਦੇਸ਼ 'ਚ ਨਹੀਂ ਸਨ ਵੇਖ ਲੋਕਲ ਬੈਂਕਾਂ 'ਚ ਅਲੱਗ ਕਾਊਂਟਰ ਬਣਾ ਕਰੰਸੀ ਬਦਲੀ ਦਿੱਤੀ ਜਾਵੇ ਜਾਂ ਫਿਰ ਪੰਜਾਬ ਦੇ 2...3 ਮੁੱਖ ਸ਼ਹਿਰਾਂ ਦੀਆਂ ਸਰਕਾਰੀ ਬੈਂਕਾਂ ਨੂੰ ਇਹ ਅਧਿਕਾਰ ਦਿੱਤੇ ਜਾਣ। ਪਰਵਾਸੀਆ ਦੀ ਪ੍ਰਧਾਨ ਮੰਤਰੀ ਨਰਿਦਰ ਮੋਦੀ, ਵਿੱਤ ਮੰਤਰੀ ਅਰੁਣ ਜੇਤਲੀ ਅਤੇ ਵਿਦੇਸ਼ ਮੰਤਰੀ ਸ਼ੁਸਮਾ ਸਵਰਾਜ ਜੀ ਨੂੰ ਮੰਗ ਹੈ ਕਿ ਇਸ ਮੁਸ਼ਕਿਲ ਪ੍ਰਤੀ ਧਿਆਨ ਦਿੱਤਾ ਜਾਵੇ।

ਰੁਪਿੰਦਰ ਢਿੱਲੋਂ ਮੋਗਾ